**DISCLAIMER: This document has been translated for the convenience of the Homecoming at University Park residents, but if any discrepancies arise in the interpretation of the language between the two documents, the original English translation will take precedence.**

# ਯੂਨੀਵਰਸਿਟੀ ਪਾਰਕ ਹੋਮਆਨਰਜ਼ ਐਸੋਸੀਏਸ਼ਨ, ਇੰਕ.
# ਹੋਮਕਮਿੰਗ ਵਲੋਂ ਨਿਗਮ ਦੀਆਂ ਧਾਰਾਵਾਂ

ਸੰਸਥਾ ਦੇ ਨਿਮਨ ਹਸਤਾਖਰੀ, ਇਕ ਅਜਿਹੀ ਕਮੇਟੀ ਬਣਾਉਣਾ ਚਾਹੁੰਦੇ ਹਨ (ਇੱਕ ਨਿਗਮ) ਜੋ, ਇੰਡੀਆਨਾ 1991 ਦੀਆਂ ਲਾਭਕਾਰੀ ਧਾਰਾਵਾਂ ਦੇ ਅਨੁਸਾਰ, ਧਾਰਾ ਵਿਚ ਸੋਧ ਕਰਕੇ ਬਣਾਈ ਗਈ ਹੋਵੇ, ਜੋ ਸੰਸਥਾ ਦੀਆਂ ਹੇਠ ਲਿਖੀਆਂ ਧਾਰਾਵਾਂ ਅਨੁਸਾਰ ਕੰਮ ਕਰੇ:-

## ਧਾਰਾ – I

ਨਿਗਮ ਦਾ ਨਾਮ ''ਹੋਮਕਮਿੰਗ ਵਿਖੇ ਯੂਨੀਵਰਸਿਟੀ ਪਾਰਕ ਹੋਮਆਨਰਜ਼ ਐਸੋਸੀਏਸ਼ਨ, ਇੰਕ.'' ਹੋਵੇਗਾ।

## ਧਾਰਾ – II

**ਭਾਗ–1. ਨਿਗਮ ਦੇ ਪ੍ਰਕਾਰ:–** ਨਿਗਮ ਇਕ ਆਪਸੀ ਲਾਭਕਾਰੀ ਨਿਗਮ ਹੈ, ਜਿਵੇਂ ਕਿ ਧਾਰਾ ਵਿਚ ਵਰਨਣ ਕੀਤਾ ਗਿਆ ਹੈ।

**ਭਾਗ–2. ਉਦੇਸ਼:**– ਨਿਗਮ ਇਸ ਉਦੇਸ਼ ਨਾਲ ਬਣਾਇਆ ਗਿਆ ਹੈ ਕਿ ਯੂਨੀਵਰਸਿਟੀ ਪਾਰਕ ਵਿਖੇ ਹੋਮਕਮਿੰਗ ਦਾ ਵਿਕਾਸ ਕੀਤਾ ਜਾ ਸਕੇ, ਇਕ-ਪਰਿਵਾਰ (ਛੋਟਾ ਪਰਿਵਾਰ) ਰਿਹਾਇਸ਼ੀ ਸਮੁਦਾਇ ਜਾਹਨਸਨ ਕਾਊਂਟੀ, ਇੰਡੀਆਨਾ ਵਿਖੇ ਬਣਾਇਆ ਜਾਵੇ, ਇਸ ਪ੍ਰਮਾਣ (ਗਵਾਹ/ਸਬੂਤ) ਦੇ ਨਾਲ ਕਿ ਉਸ ਦੇ ਜਾਂ ਉਸ ਤੋਂ ਬਾਅਦ ਜਾਹਨਸਨ ਦੇ ਰਿਕਾਰਡਰ ਦੇ ਦਫ਼ਤਰ ਵਿਚ ਦਰਜ਼ ਸ਼;ਵਤ ਕਾਉਂਟੀ (ਵਿਕਾਸ) ਇੰਡੀਆਨਾ, ਅਤੇ ਉਸ ਵਰਗੇ ਆਮ ਉਦੇਸ਼ਾਂ ਨੂੰ ਅੱਗੇ ਵਧਾਉਣ ਵਾਸਤੇ, ਹੇਠ ਲਿਖੇ ਨਿਸ਼ਚਿਤ ਉਦੇਸ਼ ਹੋਣਗੇ:-

(ੳ) ਪ੍ਰਬੰਧਕੀ, ਅਧਿਨਿਯਮ ਅਤੇ ਖਾਸ ਸੁਧਾਰਾਂ ਦੀ ਸਾਂਭ ਸੰਭਾਲ ਅਤੇ ਆਮ ਨਿਰਮਾਣ ਜਾਂ ਵਿਕਾਸ ਦੇ ਲਈ ਨਿਰਮਾਣ, ਇਹੋ ਜਿਹੇ ਉਦੇਸ਼ਾਂ ਨੂੰ ਹੋਰ ਸਪੱਸ਼ਟ ਰੂਪ ਵਿਚ ਦੱਸਣ ਲਈ ਨਿਯਮ, ਹਾਲਾਤ ਅਤੇ ਵਿਕਾਸ ਸੰਬੰਧੀ ਰੋਕਾਂ (ਘੋਸ਼ਣਾ), ਜਿਵੇਂ ਕਿ ਦਰਜ ਕੀਤਾ ਗਿਆ ਹੈ ਜਾਂ ਜਾਹਨਸਨ ਕਾਉਂਟੀ, ਇੰਡੀਆਨਾ ਦੇ ਰਿਕਾਰਡਰ ਦੇ ਦਫ਼ਤਰ ਵਿਚ ਦਰਜ ਕੀਤਾ ਜਾਣਾ ਹੈ, ਸਬੰਧੀ ਨਿਯਮ ਅਤੇ ਸ਼ਰਤਾਂ ਕੀ ਹਨ, ਸਾਰੀਆਂ ਕੈਪੀਟਲ ਪ੍ਰੀਭਾਸ਼ਾਵਾਂ (ਜਦੋਂ ਤੱਕ ਦਰਸਾਈਆਂ ਨਹੀਂ ਜਾਂਦੀਆਂ) ਅਤੇ ਕਾਨੂੰਨੀ ਵੇਰਵੇ ਪ੍ਰੀਭਾਸ਼ਾਵਾਂ ਸਹਿਤ ਸ਼ਾਮਲ ਹਨ।

(ਅ) ਬੋਰਡ ਆਫ਼ ਡਾਇਰੈਕਟਰਜ਼ ਦੀਆਂ ਸਾਰੀਆਂ ਸ਼ਕਤੀਆਂ ਅਤੇ ਸੇਵਾਵਾਂ ਦੇ ਅਭਿਆਸ ਲਈ ਜਾਂ ਗਰੁੱਪ ਦੇ ਮਾਲਿਕ ਦੀ ਜ਼ਿੰਮੇਵਾਰੀ ਘੋਸ਼ਣਾ ਪੱਤਰ ਵਿਚ ਦਿੱਤੀਆਂ ਹਨ।

(ੲ) ਨਿਗਮ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਸਾਰੇ ਕੰਮ ਜੋ ਜ਼ਰੂਰੀ ਹੋਣ, ਸੁਵਿਧਾਜਨਕ ਅਤੇ ਨਿਯਮ ਅਨੁਸਾਰ ਕੀਤੇ ਜਾ ਸਕਣ।

**ਭਾਗ–3. ਸ਼ਕਤੀਆਂ:** ਜਿਥੋਂ ਤੱਕ ਵਿਸ਼ੇਸ਼ ਲਿਖਤੀ ਪਾਬੰਦੀਆਂ ਦਾ ਸਬੰਧ ਹੈ, ਜੋ ਕੰਮ ਦੌਰਾਨ ਥੋਪੀਆਂ ਜਾਂਦੀਆਂ ਹਨ ਜਾਂ ਕਾਨੂੰਨੀ ਤੌਰ 'ਤੇ ਹਨ ਜਾਂ ਨਿਗਮ ਦੀ ਧਾਰਾ ਅਨੁਸਾਰ ਹਨ ਅਤੇ ਇਸ ਮੱਦ ਦੀ ਧਾਰਾ 2 ਵਿਚ ਦਰਸਾਏ ਉਦੇਸ਼ਾਂ ਨੂੰ ਅੱਗੇ ਲਿਜਾਣ ਹਿੱਤ ਨਿਗਮ ਕੋਲ ਸਾਰੇ ਕਾਨੂੰਨੀ ਅਧਿਕਾਰ ਹੋਣਗੇ।

**ਭਾਗ 4. ਉਦੇਸ਼ਾਂ ਤੇ ਸ਼ਕਤੀਆਂ ਦੀ ਹੱਦ :** ਨਿਗਮ ਆਪਣੇ ਮੈਂਬਰਾਂ ਲਈ ਕਿਸੇ ਵੀ ਤਰਾਂ ਦੇ ਨਿਰਮਾਣ, ਆਸ਼ੇ ਜਾਂ ਕਿਸੇ ਹੋਰ ਤਰਾਂ ਦੀ ਗਤੀਵਿਧੀ ਵਿਚ ਸ਼ਾਮਲ ਜਾਂ ਸਬੰਧਤ ਨਹੀਂ ਹੋਵੇਗੀ। ਇਸ ਦੇ ਨਾਲ ਹੀ ਨਿਗਮ ਤੇ ਬੋਰਡ ਆਫ਼ ਡਾਇਰੈਕਟਰਾਂ ਵਲੋਂ ਮੈਂਬਰਾਂ ਨੂੰ ਕਿਸੇ ਵੀ ਤਰ੍ਹਾਂ ਦਾ ਮੁਆਵਜਾ ਦੇਣ ਦੀ ਕੋਈ ਪਾਬੰਦੀ ਨਹੀਂ ਹੋਵੇਗੀ ਤੇ ਨਾ ਹੀ ਨਿਗਮ ਨਿਗਮ ਤੇ ਅਜਿਹੀ ਪਾਬੰਦੀ ਹੋਵੇਗੀ। ਨਿਗਮ ਮੈਂਬਰਾਂ ਨੂੰ ਉਨ੍ਹਾਂ ਵਲੋਂ ਨਿਭਾਈ ਸੇਵਾ ਦੇ ਬਦਲੇ ਕਿਸੇ ਤਰ੍ਹਾਂ ਦੇ ਲਾਭ ਪ੍ਰਦਾਨ ਕਰਨ ਜਾਂ ਸਹਾਇਤਾ ਦੇਣ ਲਈ ਪਾਬੰਦ ਹੋਵੇਗਾ। ਨਿਗਮ ਕੋਈ ਵੀ ਸ਼ੇਅਰ ਜਾਂ ਫਾਇਦਾ ਦੇਣ ਨੂੰ ਪਬੰਦ ਨਹੀਂ ਹੈ।

## ਧਾਰਾ – III

ਕਾਰਜਕਾਲ ਦੀ ਸਮਾਂ-ਸੀਮਾ

ਜਿਸ ਸਮੇਂ ਦੌਰਾਨ ਨਿਗਮ ਹੋਂਦ 'ਚ ਹੋਵੇਗੀ।

## ਧਾਰਾ – IV

ਰਜਿਸਟਰਡ ਦਫਤਰ ਤੇ ਰਜਿਸਟਰਡ ਏਜੰਟ

ਨਿਗਮ ਦੇ ਮੁੱਖ ਦਫਤਰ ਦਾ ਪੋਸਟ ਆਫਿਸ ਪਤਾ 4670 ਹੈਵਨ ਪੋਇੰਟ ਬੋਲਵਰਡ, ਇੰਡੀਆਨਾਪੋਲਿਸ, ਇੰਡੀਆਨਾ 46280 ਹੈ ਤੇ ਇਸ ਦੇ ਰਜਿਸਟਰਡ ਏਜੰਟ ਇੰਚਾਰਜ ਦਾ ਪੋਸਟ ਆਫਿਸ ਪਤਾ ਐਲ. ਕੋਲਿੰਨਸ 4670 ਹੈਵਨ ਪੋਇੰਟ ਬੋਲਵਰਡ, ਇੰਡੀਆਨਾਪੋਲਿਸ, ਇੰਡੀਆਨਾ 46280 ਹੈ।

## ਧਾਰਾ – V

ਮੈਂਬਰਸ਼ਿਪ ਤੇ ਵੋਟ ਦੇ ਅਧਿਕਾਰ

**ਸੈਕਸ਼ਨ 1. ਮੈਂਬਰਸ਼ਿਪ :** ਸਾਰੇ ਮੈਂਬਰ ਤੇ ਇਥੇ ਦਰਸਾਏ ਆਰਟੀਕਲ 6 ਅਨੁਸਾਰ ਡਾਇਰੈਕਟਰਾਂ ਦੇ ਪਹਿਲੇ ਬੋਰਡ ਅਨੁਸਾਰ ਅਹੁਦੇਦਾਰ ਜਾਂ ਉਨ੍ਹਾਂ ਦੇ ਵਾਰਸਾਂ ਦੀ ਨਿਯੁਕਤੀ ਡਿਵੈਲਪਰਾਂ ਵਲੋਂ ਕੀਤੀ ਜਾਂਦੀ ਹੈ ਜੋ ਕਿ ਮੈਂਬਰ, ਜਾਣਕਾਰੀ ਪ੍ਰਦਾਨ ਕਰਨ ਵਾਲੇ ਹੋ ਸਕਦੇ ਹਨ ਜੇ ਜਗ੍ਹਾ ਦੇ ਇਕ ਤੋਂ ਜ਼ਿਆਦਾ ਮਾਲਕ ਹੋਣ, ਸੰਸਥਾਵਾਂ ਹੋਣ ਤਾਂ ਉਨ੍ਹਾਂ 'ਚੋਂ ਸਿਰਫ ਇਕ ਹੀ ਵਿਅਕਤੀ ਨੂੰ ਜਿਸ ਨੂੰ ਕਿ ਉਸ ਸਮੂਹ ਜਾਂ ਵਰਗ ਵਲੋਂ ਚੁਣਿਆ ਹੋਵੇ ਕਾਨੂੰਨ ਅਨੁਸਾਰ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੋਵੇਗਾ।

**ਸੈਕਸ਼ਨ 2. ਵੋਟ ਦੇ ਅਧਿਕਾਰ :** ਸੰਗਠਨ ਦੀ ਮੈਂਬਰਸ਼ਿਪ 'ਚ ਦੋ ਤਰਾਂ ਦੀਆਂ ਮੈਂਬਰਸ਼ਿਪਾਂ ਸ਼ਾਮਲ ਹੋਣਗੀਆਂ ਜਿਨਾਂ ਨੂੰ ਹਥਲੇ ਅਧਿਕਾਰ ਪ੍ਰਾਪਤ ਹੋਣਗੇ :

**(ੳ) <u>ਕਲਾਸ ਏ ਦੀ ਮੈਂਬਰਸ਼ਿਪ</u> :** ਕਲਾਸ ਏ ਦੇ ਮੈਂਬਰਾਂ ’ਚ ਸਾਰੇ ਮਾਲਕ ਸ਼ਾਮਲ ਹੋਣਗੇ। ਹਰੇਕ ਕਲਾਸ ਏ ਮੈਂਬਰ ਆਪਣੇ ਅਧੀਨ ਭੂਭਾਗ ਦੇ ਅਨੁਸਾਰ ਕਲਾਸ ਏ ਦੇ ਕਿਸੇ ਵੀ ਸਬੰਧਤ ਮਸਲੇ ’ਚ ਇਕ (1) ਵੋਟ ਦੇਣ ਦਾ ਹੱਕਦਾਰ ਹੋਵੇਗਾ। ਜੇਕਰ ਕਿਸੇ ਭੂਭਾਗ ਦੇ ਇਕ ਤੋ ਜ਼ਿਆਦਾ ਮਾਲਕ, ਪਾਰਟਨਰਸ਼ਿਪ, ਟਰਸਟ, ਨਿਗਮ ਜਾਂ ਹੋਰ ਕੋਈ ਸੰਸਥਾ ਹੋਵੇ, ਹਰੇਕ ਮੈਂਬਰ ਹੋਵੇ ਤਾਂ ਉਹ ਸਭ ਸਾਂਝੇ ਤੌਰ ’ਤੇ ਇਕ ਵੋਟ ਵਜੋਂ ਜਾਣੇ ਜਾਣਗੇ ਤੇ ਉਨ੍ਹਾਂ ਸਮੂਹਾਂ, ਸੰਸਥਾਵਾਂ ਜਾਂ ਟਰਸਟਾਂ ਦਾ ਸਿਰਫ ਇਕ ਹੀ ਮੈਂਬਰ ਵੋਟ ਦੇਣ ਦਾ ਹੱਕਦਾਰ ਹੋਵੇਗਾ। ਇਸ ਤਰ੍ਹਾਂ ਕਿਸੇ ਵੀ ਮਸਲੇ ਲਈ ਕਲਾਸ ਏ ਦੇ ਇਕ ਭੂਭਾਗ ਲਈ ਇਕ ਹੀ ਵੋਟ ਦੇਣ ਦਾ ਹੱਕਦਾਰ ਹੋਵੇਗਾ।

**(ਅ) <u>ਕਲਾਸ ਬੀ ਦੀ ਮੈਂਬਰਸ਼ਿਪ</u> :** ਕਲਾਸ ਬੀ ਦਾ ਮੈਂਬਰ ਡਿਵੈਲਪਰ ਹੋਵੇਗਾ ਜਾਂ ਉਸ ਦੇ ਵਾਰਸ ਜਾਂ ਉਸ ਵਲੋਂ ਨਿਯੁਕਤ ਕੀਤੇ ਜਾਂ ਅਧਿਕਾਰਤ ਮੈਂਬਰ ਹੋਣਗੇ। ਹਰੇਕ ਬੀ ਕਲਾਸ ਮੈਂਬਰ ਜੋ ਭੂਭਾਗ ਦਾ ਮਾਲਕ ਹੋਵੇਗਾ ਕਲਾਸ ਦੀ ਵੋਟਿੰਗ ਚ 3 ਵੋਟਾਂ ਪਾਉਣ ਦਾ ਹੱਕਦਾਰ ਹੋਵੇਗਾ। ਬੀ ਕਲਾਸ ਦੇ ਕਿਸੇ ਵੀ ਮਸਲੇ ਨਾਲ ਸਬੰਧਤ ਵੋਟਿੰਗ ’ਚ ਇਸ ਕਲਾਸ ਦੇ ਮੈਂਬਰ 3 ਵੋਟਾਂ ਦੇ ਸਕੇਗਾ। ਕਲਾਸ ਬੀ ਮੈਂਬਰਸ਼ਿਪ ਰੱਦ ਜਾਂ ਖਤਮ ਕਰ ਦਿਤੀ ਜਾਵੇਗੀ ਜੇ (1) ਜਿਸ ਮਿਤੀ ਨੂੰ ਐਸੋਸੀਏਸ਼ਨ ਦੇ ਮੈਂਬਰ ਦਾ ਲਿਖਤੀ ਅਸਤੀਫਾ ਪ੍ਰਾਪਤ ਹੋਇਆ; ਜਾਂ (2) ਜਾਂ ਕਿਸੇ ਅਜਿਹੀ ਹਾਲਤ ’ਚ ਜਦੋਂ ਏ ਕਲਾਸ ਦੇ ਮੈਂਬਰਾਂ ਵਲੋਂ ਪਾਈਆਂ ਵੋਟਾਂ ਦੀ ਗਿਣਤੀ ਦਾ ਜੋੜ ਬੀ ਕਲਾਸ ਦੇ ਮੈਂਬਰਾਂ ਵਲੋਂ ਪਾਈਆਂ ਵੋਟਾਂ ਦੇ ਬਰਾਬਰ ਹੋ ਜਾਵੇ।

ਹੁਣ ਨਿਰਮਾਣ ਦੇ ਸਮੇਂ ਦੌਰਾਨ ਨਿਗਮ ਨੂੰ ਹਰ ਤਰਾਂ ਦੇ ਕਾਰਜਾਂ ਗਤੀਵਿਧੀਆਂ ਲਈ ਪਹਿਲਾਂ ਡਿਵੈਲਪਰ ਤੋਂ ਲਿਖਤੀ ਸਹਿਮਤੀ ਲੈਣੀ ਪਵੇਗੀ।

**<u>ਸੈਕਸ਼ਨ 3.</u> <u>ਮੀਟਿੰਗਾਂ</u>:** ਨਿਗਮ ਦੇ ਸਾਰੇ ਮੈਂਬਰਾਂ ਨੂੰ ਜਦ ਵੀ ਮੀਟਿੰਗਾਂ ਦਾ ਆਯੋਜਨ ਹੁੰਦਾ ਹੈ ਜਾਂ ਮੀਟਿੰਗ ਲਈ ਬੁਲਾਇਆ ਜਾਂਦਾ ਹੈ ਤਾਂ ਮੀਟਿੰਗਾਂ ’ਚ ਸ਼ਾਮਲ ਹੋਣਾ ਪਵੇਗਾ।

**<u>ਸੈਕਸ਼ਨ 4.</u> <u>ਦੇਣਯੋਗ ਰਾਸ਼ੀ ਤੇ ਆਂਕਲਨ</u>:** ਰਾਸ਼ੀ, ਭੁਗਤਾਨ ਦਾ ਜਰੀਆ ਤੇ ਮੈਂਬਰਸ਼ਿਪ ਲਈ ਦੇਣ ਯੋਗ ਰਾਸ਼ੀ ਤੇ ਆਂਕਲਨ ਦੇ ਗੈਰ ਅਦਾਇਗੀ ਪੱਤਰ ਨਿਗਮ ਤੇ ਕਾਨੂੰਨਾਂ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਾਰੀ ਕੀਤਾ ਜਾਏਗਾ।

## <u>ਧਾਰਾ – VI</u>

### <u>ਡਾਟਾ ਸਬੰਧੀ ਨਿਰਦੇਸ਼</u>

**<u>ਸੈਕਸ਼ਨ 1.</u> <u>ਸੰਖਿਆ</u>** : ਨਿਗਮਾਂ ਦੇ ਡਾਇਰੈਕਟਰਾਂ ਦੀ ਸੰਖਿਆ 3 ਤੋਂ ਘਟ ਤੇ 9 ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ, ਇਨ੍ਹਾਂ ਦੀ ਅਸਲ ਸੰਖਿਆ ਨਿਗਮ ਦੇ ਨਿਯਮਾਂ ਅਨੁਸਾਰ ਕੀਤੀ ਜਾਏਗੀ। ਜੇ ਇਸ ਲਈ ਨਿਯਮ ਨਿਰਧਾਰਤ ਨਹੀਂ ਕੀਤੇ ਗਏ ਤਾਂ ਡਾਇਰੈਕਟਰਾਂ ਦੀ ਸੰਖਿਆ 3 ਹੋਵੇਗੀ।

**<u>ਸੈਕਸ਼ਨ 2.</u> <u>ਦਫ਼ਤਰ ਦੀ ਸਮਾਂ ਸੀਮਾ</u>** : ਜੇ ਕੁਝ ਨਿਯਮਾਂ ’ਚ ਦਿਤਾ ਗਿਆ ਹੈ ਉਨ੍ਹਾਂ ਤੋਂ ਛੁੱਟ ਸਾਰੇ ਡਾਇਰੈਕਟਰ ਮੈਂਬਰਾਂ ਵਲੋਂ ਵੋਟ ਦੇ ਅਧਿਕਾਰ ਦੇ ਇਸਤੇਮਾਲ ਨਾਲ ਚੁਣ ਕੇ ਕੀਤੇ ਜਾਣਗੇ। ਇਹ ਵੋਟਾਂ ਹਰੇਕ ਸਾਲਾਨਾ ਮੀਟਿੰਗ ’ਚ ਪਾਈਆਂ ਜਾਣਗੀਆਂ ਤੇ ਡਾਇਰੈਕਟਰ ਇਕ ਸਾਲ ਦੇ ਸਮੇਂ ਲਈ ਇਸ ਪਦ ’ਤੇ ਰਹੇਗਾ ਜਾਂ ਜਦ ਤਕ ਅਗਲੇ ਡਾਇਰੈਕਟਰਾਂ ਦੀ ਚੋਣ ਨਹੀਂ ਹੋ ਜਾਂਦੀ। ਸਾਰੇ ਡਾਇਰੈਕਟਰ ਮੈਂਬਰ ਹੋਣੇ ਚਾਹੀਦੇ ਹਨ। ਕੋਈ ਡਾਇਰੈਕਟਰ ਕਿਸੇ ਵੀ ਸਮੇਂ ਹਟਾਇਆ ਜਾ ਸਕਦਾ ਹੈ, ਉਹ ਵੀ ਕਿਸੇ ਕਾਰਨ ਜਾਂ ਬਿਨਾਂ ਕਾਰਨ ਤੋਂ ਜੇਕਰ ਬੋਰਡ ਆਫ ਡਾਇਰੈਕਟਰ ਦੋ-ਤਿਹਾਈ ਬਹੁਮਤ ਨਾਲ ਇਸ ਬਾਰੇ ਵੋਟ ਦੇਣ।

**ਸੈਕਸ਼ਨ 3. ਨਾਂਅ ਤੇ ਪੋਸਟ ਆਫਿਸ ਪਤਾ** : ਨਿਗਮ ਦੇ ਪਹਿਲੇ ਬੋਰਡ ਆਫ ਡਾਇਰੈਕਟਰਾਂ ਦੇ ਨਾਂਅ ਤੇ ਪੋਸਟ ਆਫਿਸ ਪਤੇ ਨਿਮਨਲਿਖਤ ਅਨੁਸਾਰ ਹਨ:

| **ਨਾਮ** | **ਨੰਬਰ ਤੇ ਸਟਰੀਟ** | **ਸ਼ਹਿਰ/ਰਾਜ** |
|---|---|---|
| ਜੇ ਐਲ. ਕੋਲਿੰਸ | 4670 ਹੈਵਨ ਪੌਇੰਟ ਬੋਲਵਰਡ | ਇੰਡੀਆਨਾਪੋਲਿਸ, ਇੰਡੀਆਨਾ 46280 |
| ਸਕੌਟ ਬੋਅਰਸ | 4670 ਹੈਵਨ ਪੌਇੰਟ ਬੌਲਵਰਡ | ਇੰਡੀਆਨਾਪੋਲਿਸ, ਇੰਡੀਆਨਾ 46280 |
| ਮਿਸ਼ੈਲ ਲੀਓਨਰਡ | 4670 ਹੈਵਨ ਪੌਇੰਟ ਬੌਲਵਰਡ | ਇੰਡੀਆਨਾਪੋਲਿਸ, ਇੰਡੀਆਨਾ 46280 |

## ਧਾਰਾ – VII

### ਇਨਕਾਰਪੋਰੇਟਰ

ਇਨਕਾਰਪੋਰੇਟਰ ਦਾ ਨਾਂ ਤੇ ਪੱਤਰ ਵਿਹਾਰ ਦਾ ਪਤਾ ਇਸ ਤਰ੍ਹਾਂ ਹੈ :

| **ਨਾਮ** | **ਨੰਬਰ ਤੇ ਸਟਰੀਟ** | **ਸ਼ਹਿਰ/ਰਾਜ** |
|---|---|---|
| ਬਰੈਂਟ ਡੀ. ਮੌਸਬੈ | 4670 ਹੈਵਨ ਪੌਇੰਟ ਬੋਲਵਰਡ | ਇੰਡੀਆਨਾਪੋਲਿਸ, ਇੰਡੀਆਨਾ 46280 |

## ਧਾਰਾ – VIII

### ਅਧਿਕਾਰੀਆਂ, ਡਾਇਰੈਕਟਰਾਂ ਤੇ ਹੋਰ ਲੋਕਾਂ ਦਾ ਨੁਕਸਾਨ

ਸੈਕਸ਼ਨ 1. ਹਾਨੀ ਪੂਰਤੀ ਬਾਂਡ ਦੀ ਸੀਮਾ : (ੳ) ਇਹ ਸੀਮਾ ਇੰਡੀਆਨਾ ਦੇ ਕਾਨੂੰਨ ਦੀ ਉਲੰਘਣਾ ਨਾ ਕਰਦੀ ਹੋਵੇ, ਹਰੇਕ ਵਿਅਕਤੀ (ਉਸ ਦੇ ਉਸ ਦੇ ਨਿਜੀ ਨੁਮਾਇੰਦੇ ਜਿਵੇਂ ਲੋਕ), ਜੋ ਹੈ ਜਾਂ ਡਾਇਰੈਕਟਰ ਸੀ, ਅਧਿਕਾਰੀ, ਟਰਸਟੀ, ਕਮੇਟੀ ਦਾ ਮੈਂਬਰ ਹੋਵੇ ਜੋ ਕਿ ਬੋਰਡ ਆਫ ਡਾਇਰੈਕਟਰਾਂ, ਕਰਮਚਾਰੀਆਂ ਜਾਂ ਨਿਗਮ ਦੇ ਏਜੰਟਾਂ ਵਲੋਂ ਨਿਯੁਕਤ ਹੋਵੇ ਜਾਂ ਨਿਗਮ ਦੀ ਬੇਨਤੀ ’ਤੇ ਨਿਯੁਕਤ ਹੋਵੇ ਜਾਂ ਇਹ ਡਾਇਰੈਕਟਰ ਰਿਹਾ ਹੋਵੇ, ਅਧਿਕਾਰੀ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਕਿਸੇ ਹੋਰ ਨਿਗਮ ਦਾ ਏਜੰਟ ਹੋਵੇ ਜਾਂ ਉਹ ਪਾਰਟਨਰਸ਼ਿਪ ’ਚ ਕਿਸੇ ਵੀ ਜਗਾ ਕੰਮ ਕਰ ਰਿਹਾ ਹੋਵੇ, ਸਾਂਝੇ ਅਦਾਰੇ, ਟਰਸਟ ਜਾਂ ਹੋਰ ਉਦਯੋਗ ’ਚ ਕਾਰਜਸ਼ੀਲ ਹੋਵੇ, ਨੂੰ ਨਿਗਮ ਪ੍ਰਤੀ ਬਣਦਾ ਮੁਆਵਜ਼ਾ ਜਾਂ ਹੋਰ ਖਰਚੇ ਜੋ ਉਸ ਦੇ ਕਿਸੇ ਗੈਰ ਜਰਾਇਮਪੇਸ਼ਾ ਕੰਮ ’ਤੇ ਹੋਏ ਹੋਣ, ਕੰਮ ਆਦਿ ਦਾ ਖਰਚਾ ਨਿਗਮ ਸਹੇਗਾ ਜਿਵੇ :

(1) ਜੇ ਉਪਰੋਕਤ ਦਰਸਾਏ ਅਨੁਸਾਰ ਡਾਇਰੈਕਟਰ, ਅਫ਼ਸਰ, ਟਰਸਟੀ, ਕਮੇਟੀ ਮੈਂਬਰ, ਕਰਮਾਚਰੀ ਜਾਂ ਏਜੰਟ ਨੇ ਇਸ ਧਾਰਾ 8 ਸੈਕਸ਼ਨ 3 ਅਨੁਸਰ ਵਫਾਦਾਰੀ ਤੇ ਦ੍ਰਿੜ ਸੰਕਲਪ ਹੋ ਕੇ ਕੰਮ ਕੀਤਾ ਹੋਵੇਗਾ ਤੇ

(2) ਜੋ ਵੀ ਮੈਂਬਰ ਵਿਅਕਤੀ ਇਸ ’ਤੇ ਭਰੋਸਾ ਕਰਦਾ ਹੈ (ਏ) ਨਿਗਮ ਲਈ ਕੀਤਾ ਗਿਆ ਕਿਸੇ ਵਿਅਕਤੀ ਦਾ ਕੰਮ ਸਿਰਫ ਕਾਰਪਰੇਸ਼ਨ ਦੇ ਲਾਭ ਤੇ ਭਲਾਈ ਲਈ ਕੀਤਾ ਗਿਆ ਹੋਵੇ ਤੇ (ਬੀ) ਹੋਰ ਕੇਸਾਂ ’ਚ ਕਿਸੇ ਵਿਕਅਤੀ ਦਾ ਕੋਈ ਵੀ ਕੰਮ ਨਿਗਮ ਦੇ ਉਦੇਸ਼ਾਂ ਤੇ ਫਾਇਦਾਂ ਦੇ ਉਲਟ ਨਾ ਹੋਵੇ, ਭਾਵ ਨੁਕਸਾਨ ਪਹੁੰਚਾਉਣ ਲਈ ਨਾ ਹੋਏ।

(ਅ) ਕਿਸੇ ਤਰਾਂ ਦੇ ਅਪਰਾਧਕ ਗਤੀਵਿਧੀ ਜਾਂ ਕਾਰਵਾਈ ਲਈ ਹਰੇਕ ਵਿਅਕਤੀ ਇਸ ਧਾਰਾ ਦੇ ਸਬ ਸੈਕਸ਼ਨ (ਏ) ਅਨੁਸਾਰ ਸਬ ਸੈਕਸ਼ਨ 1 (ਏ) ਅਨੁਸਾਰ ਹਾਨੀਪੂਰਤੀ ਕਰਨ ਦਾ ਜਿੰਮੇਦਾਰ ਹੋਵੇਗਾ ;

(1) ਇਹ ਮੰਨਣ ਦਾ ਠੋਸ ਅਧਾਰ ਹੋਣਾ ਚਾਹੀਦਾ ਹੈ ਕਿ ਉਸ ਦਾ ਕੰਮ ਪੂਰੀ ਤਰਾਂ ਕਾਨੂੰਨੀ ਸੀ ਜਾਂ

(2) ਅਜਿਹਾ ਕੋਈ ਵੀ ਠੋਸ ਕਾਰਨ ਨਹੀਂ ਹੋਣਾ ਚਾਹੀਦਾ ਕਿ ਉਸ ਵਲੋਂ ਕੀਤਾ ਗਿਆ ਕੰਮ ਜਾਂ ਕਾਰਵਾਈ ਗੈਰਕਾਨੂੰਨੀ ਸੀ।

(ੲ) ਅਦਾਲਤ ਦੀ ਮਨਜੂਰੀ ਦੇ ਨਾਲ ਜਾਂ ਬਿਨਾ ਅਦਾਲਤੀ ਮਨਜੂਰੀ ਦੇ ਫੈਸਲੇ ਨਾਲ ਕਿਸੇ ਕਲੇਮ, ਕੰਮ, ਸੂਟ ਜਾਂ ਕਾਰਵਾਈ ਦੇ ਰੱਦ ਹੋਣ ਜਾਂ ਰੋਕਣ ’ਤੇ ਜਾਂ ਦੋਸ਼ੀ ਪਾਏ ਜਾਣ ’ਤੇ ਜਾਂ ਇਸ ਦੇ ਸਮਾਨ ਕਾਰਵਾਈਆਂ ਹੋਣ ’ਤੇ ਇਹ ਅਨੁਮਾਨ ਨਹੀਂ ਲਾਇਆ ਜਾ ਸਕਦਾ ਹੈ ਕਿ ਡਾਇਰੈਕਟਰ, ਅਫਸਰ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਏਜੰਟ ਧਾਰਾ ਦੇ ਸਬ ਸੈਕਸ਼ਨ 1 (ਏ) ਤੇ 1 (ਬੀ) ਨਿਰਧਾਰਤ ਮਾਪਦੰਡਾਂ ’ਤੇ ਖਰਾ ਨਹੀਂ ਉਤਰਿਆ।

**ਸੈਕਸ਼ਨ 2. ਵਿਆਖਿਆਵਾਂ:** (ੳ) ਨਿਯਮਾਂ ਕਲੇਮ, ਕਾਰਜ, ਸੂਟ, ਤੇ ਕਾਰਵਾਈਆਂ ਚਾਹੇ ਇਹ ਇਕੱਲੇ ਤੌਰ ’ਤੇ ਜਾਂ ਸਾਂਝੇ ਤੌਰ ’ਤੇ ਇਸਤੇਮਾਲ ਹੋਣ ਇਨ੍ਹਾਂ ’ਚ ਸਾਰੇ ਕਲੇਮ, ਕੰਮ, ਸੂਟ ਜਾਂ ਕਾਰਵਾਈਆਂ ਸ਼ਾਮਲ ਹੋਣਗੀਆਂ ਉਹ ਵੀ ਸਭ ਅਪੀਲਾਂ ਦੀਆਂ (ਚਾਹੇ ਉਹ ਇਸ ਨਿਗਮ ਜਾਂ ਕਿਸੇ ਹੋਰ ਨਿਗਮ ਦੇ ਅਧਿਕਾਰ ਖੇਤਰ ’ਚ ਹੋਵੇ ਜਾਂ ਲਿਆਂਦਾ ਗਿਆ ਹੋਵੇ), ਸਿਵਲ, ਅਪਰਾਧਕ, ਪ੍ਰਸ਼ਾਸਨਕ ਜਾਂ ਜਾਂਚ ਪੜਤਾਲ ਜਾਂ ਧਮਕੀ, ਜਿਸ ’ਚ ਨਿਗਮ ਦਾ ਡਾਇਰੈਕਟਰ, ਅਫ਼ਸਰ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ, ਜਾਂ ਏਜੰਟ (ਜਾਂ ਉਸ ਵਲੋਂ ਨਿਯੁਕਤ ਕੀਤੇ ਜਾਂ ਉਸ ਨਾਲ ਸਬੰਧਤ ਨੁਮਾਇੰਦੇ) ਇਸ ’ਚ ਇਕ ਧਿਰ ਵਜੋਂ ਸ਼ਾਮਲ ਹੋਣਗੇ :

(1) ਉਸ ਦੇ ਨਿਗਮ ਜਾਂ ਹੋਰ ਕਿਸੇ ਨਿਗਮ ’ਚ ਜਿਸ ’ਚ ਡਾਇਰੈਕਟਰ, ਅਫ਼ਸਰ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਏਜੰਟ ਹੈ ਜਾਂ ਰਿਹਾ ਹੋਵੇ ਜਾਂ

(2) ਉਸ ਵਲੋਂ ਨਿਭਾਈ ਜਾ ਰਹੀ ਸਬੰਧਤ ਜਿੰਮੇਵਾਰੀ ਜਾਂ ਉਸ ਸਮੇਂ ਦੌਰਾਨ ਕੀਤੇ ਗਏ ਖਰਚੇ ਕਿਸੇ ਕਾਰਨ ਕੀਤੀ ਗਈ ਜਾਂ ਨਾ ਕੀਤੀ ਗਈ ਕਾਰਵਾਈ ਸ਼ਾਮਲ ਹੈ।

(ਅ) ਸ਼ਰਤ ‘ਜਿੰਮੇਵਾਰੀ’ ਤੇ ‘ਖਰਚ’ ਇਸ ’ਚ ਸ਼ਾਮਲ ਹਨ ਤੇ ਨਾਲ ਹੀ ਇਹ ਡਾਇਰੈਕਟਰ, ਅਫ਼ਸਰ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਏਜੰਟ ਦੇ ਵਲੋਂ ਕੌਂਸਲ ਫੀਸ, ਹੋਰ ਖਰਚੇ ਤੇ ਫੈਸਲਿਆਂ ਦਾ ਖਰਚ, ਜੁਰਮਾਨੇ, ਤੇ ਰਾਜ਼ੀਨਾਮੇ ’ਚ ਕੀਤੇ ਗਏ ਭੁਗਤਾਨ ਜਾਂ ਅਦਾਇਗੀਆਂ ਤਕ ਹੀ ਸੀਮਤ ਨਹੀਂ ਹਨ।

(ੲ) ਨਿਯਮਾਂ ਅਨੁਸਾਰ ਧਿਰ ’ਚ ਉਹ ਵਿਅਕਤੀ, ਮੁਕੱਦਮੇ ’ਚ ਹੋਣ ਵਾਲੀ ਕਾਰਵਾਈ ’ਚ ਕਾਰਵਾਈ ਕਰਨ ਵਾਲੀ ਧਿਰ ਜਾਂ ਜਿਸ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਹੈ ’ਚ ਸ਼ਾਮਲ ਹੋਵੇਗਾ।

**ਸੈਕਸ਼ਨ 3. ਹਾਨੀ ਪੂਰਤੀ ਲੈਣ ਲਈ ਕੀਤੀ ਜਾਣ ਵਾਲੀ ਕਾਰਵਾਈ** : ਨਿਗਮ ਉਦੋਂ ਤਕ ਕਿਸੇ ਵਿਅਕਤੀ ਲਈ ਹਾਨੀ ਪੂਰਤੀ ਨਹੀਂ ਕਰੇਗੀ ਜਦੋਂ ਤਕ ਕਿ ਕਿਸੇ ਖਾਸ ਕੇਸ ਤਹਿਤ ਇਹ ਸਿਧ ਨਹੀਂ ਹੋ ਸਕਦਾ ਹੈ ਕਿ ਸਬੰਧਤ

ਵਿਅਕਤੀ ਇਸ ਦੇ ਲਈ ਹੱਕਦਾਰ ਹੋਵੇ ਕਿਉਂਕਿ ਉਸ ਨੇ ਲੋੜੀਂਦੇ ਨਿਯਮ ਤੇ ਸ਼ਰਤਾ ਧਾਰਾ 8 ਦੇ ਸੈਕਸ਼ਨ 1 ਅਨੁਸਾਰ ਪੂਰੀਆਂ ਕੀਤੀਆਂ ਹੋਣ। ਇਹ ਨਿਮਨ ਧਾਰਾਵਾਂ ’ਚੋਂ ਕਿਸੇ ਇਕ ਦੇ ਪੂਰਾ ਹੋਣ ’ਤੇ ਕੀਤਾ ਜਾਵੇਗਾ :

(ੳ) ਕਾਰਵਾਈ ਦੇ ਸਮੇਂ ਤੋਂ ਬਿਨਾ ਜੇਕਰ ਬੋਰਡ ਆਫ ਡਾਇਰੈਕਟਰਾਂ ਵਲੋਂ ਕੀਤੀ ਗਈ ਵੋਟਿੰਗ ’ਚ ਬਹੁਮਤ ਹੋਏ।

(ਅ) ਜੇ ਡਾਇਰੈਕਟਰਾਂ ਦੇ ਕੋਰਮ ਸੈਕਸ਼ਨ 3 (ਏ) ਧਾਰਾ 8 ਅਨੁਸਾਰ ਨਾ ਹੋਵੇ ਤਾਂ ਬੋਰਡ ਆਫ ਡਾਇਰੈਕਟਰਾਂ ਦੀ ਕਮੇਟੀ ’ਚ ਜਿਸ ’ਚ ਘਟ ਤੋਂ ਘਟ 2 ਡਾਇਰੈਕਟਰ ਹੋਣ ਇਸ ਦਾ ਫੈਸਲਾ ਲੈ ਸਕਦੇ ਹਨ ਪਰ ਅਜਿਹਾ ਕੋਰਟ ਦੀ ਕਾਰਵਾਈ ਸਮੇਂ ਨਹੀਂ ਹੋਵੇਗਾ। ਡਾਇਰੈਕਟਰ ਜੋ ਧਿਰਾਂ ਹਨ ਅਹੁਦੇਦਾਰਾਂ ਵਜੋਂ ਹਿੱਸਾ ਲੈ ਸਕਦੀਆ ਹਨ।

(ੲ) ਸਪੈਸ਼ਲ ਕਾਨੂੰਨੀ ਕਮੇਟੀ :

(1) ਆਰਟੀਕਲ 8 ਦੀ ਸੈਕਸ਼ਨ 3 (ਏ) ਜਾਂ 3 (ਬੀ)ਅਨੁਸਾਰ ਬੋਰਡ ਆਫ ਡਾਇਰੈਕਟਰਾਂ ਵਲੋਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਣਾਈ ਗਈ ਕਮੇਟੀ ਜਾਂ

(2) ਜੇ ਬੋਰਡ ਦਾ ਕੋਰਮ ਜਾਂ ਡਾਇਰੈਕਟਰ ਧਾਰਾ 8 ਦੇ ਸੈਕਸ਼ਨ 3(ਏ) ਅਨੁਸਾਰ ਨਾ ਹੋਵੇ ਜਾਂ ਧਾਰਾ 8 ਦੇ ਸੈਕਸ਼ਨ 3 (ਬੀ) ਅਨੁਸਾਰ ਕਮੇਟੀ ਨਾ ਬਣੀ ਹੋਵੇ, ਬੋਰਡ ਆਫ ਡਾਇਰੈਕਟਰਾਂ ਵਲੋਂ ਪਾਈ ਵੋਟਿੰਗ ਦੇ ਬਹੁਮਤ ਇਹ ਫੈਸਲਾ ਕਰੇਗੀ। ਡਾਇਰੈਕਟਰ ਨਿਯੁਕਤੀ ’ਚ ਧਿਰਾਂ ਵਜੋਂ ਸ਼ਾਮਲ ਹੋ ਸਕਦੇ ਹਨ।

(ਸ) ਮੈਂਬਰਾਂ ਵਲੋਂ। ਮੈਂਬਰਸ਼ਿਪ ਲਈ ਵੋਟਿਗ ਡਾਇਰੈਕਟਰਾਂ ਦੀ ਨਿਗਰਾਨੀ ’ਚ ਹੋਵੇਗੀ ਜੋ ਕਾਰਵਾਈ ਦੌਰਾਨ ਧਿਰਾਂ ਵਜੋਂ ਕਾਰਜਸ਼ੀਲ ਹੋਣਗੇ।

ਹਾਨੀਪੂਰਤੀ ਦੀ ਪ੍ਰਮਾਣਕਤਾ ਤੇ ਹਾਨੀ ਪੂਰਤੀ ਦੀ ਰਾਸ਼ੀ ਦਾ ਭੁਗਤਾਨ ਕਾਰਵਾਈ ਦੇ ਫੈਸਲੇ ਤੇ ਹਾਨੀ ਪੂਰਤੀ ਨਿਯਮਾਂ ਅਨੁਸਾਰ ਹੋਵੇਗਾ। ਜੇ ਫੈਸਲਾ ਸਪੈਸ਼ਲ ਕਾਨੂੰਨੀ ਕੌਂਸਲ ਨੇ ਸੁਣਾਇਆ ਹੋਵੇ ਤਾਂ ਹਾਨੀ ਪੂਰਤੀ ਦੀ ਰਾਸ਼ੀ ਦਾ ਫੈਸਲਾ ਤੇ ਭੁਗਤਾਨ ਧਾਰਾ 8 ਦੇ ਸੈਕਸ਼ਨ 3 (ਸੀ) ਅਨੁਸਾਰ ਨਿਯੁਕਤ ਕੌਂਸਲ ਵਲੋਂ ਕੀਤਾ ਜਾਵੇਗਾ।

**ਸੈਕਸ਼ਨ 4 : ਹੋਰ ਅਧਿਕਾਰਾਂ ਦੀ ਸੀਮਾ ਨਹੀਂ** : ਧਾਰਾ 8 ’ਚ ਹਾਨੀ ਪੂਰਤੀ ਦੇ ਦਿਤੇ ਅਧਿਕਾਰ ਡਾਇਰੈਕਟਰਾਂ, ਅਫਸਰ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਏਜੰਟ ਤੋਂ ਅਲੱਗ ਹੋਣਗੇ ਤੇ ਨਿਗਮ ਦੇ ਨਿਯਮਾਂ ਕਾਨੂੰਨਾਂ ਨਾਲ ਸਬੰਧਤ ਹੋਣਗੇ ਤੇ ਬੋਰਡ ਆਫ ਡਾਇਰੈਕਟਰਾਂ ਦੇ ਮਤੇ ਜਾਂ ਮੈਂਬਰਾਂ ਦੇ ਜਾਂ ਹੋਰ ਅਧਿਕਾਰਤ ਵਲੋਂ ਵੋਟਿੰਗ ਦੇ ਬਹੁਮਤ ਅਨੁਸਾਰ ਨੋਟਿਸ ਤੋਂ ਬਾਦ ਇਨ੍ਹਾਂ ਦਾ ਇਸਤੇਮਾਲ ਕੀਤਾ ਜਾਵੇਗਾ। ਧਾਰਾ 8 ਦੀਆਂ ਸਰਤਾਂ ਅਨੁਸਾਰ ਬੋਰਡ ਆਫ਼ ਡਾਇਰੈਕਟਰਾਂ ਦੀ ਗਿਣਤੀ ਸਮੇਂ ਸਮੇਂ ’ਤੇ ਘਟ ਜਾਂ ਵਧ ਸਕਦੀ ਹੈ :

(ੳ) ਡਾਇਰੈਕਟਰਾਂ, ਅਫਸਰਾਂ, ਟਰਸਟੀਆਂ, ਕਮੇਟੀ ਮੈਂਬਰਾ, ਕਰਮਚਾਰੀਆਂ, ਏਜੰਟਾਂ ਜਾਂ ਹੋਰ ਲੋਕਾਂ ਦੀ ਹਾਨੀ ਪੂਰਤੀ ਐਕਟ ਦੀਆਂ ਸ਼ਰਤਾਂ ਅਨੁਸਾਰ ਹੋਵੇਗੀ ਇਨ੍ਹਾਂ ’ਚ ਪਿਛਲੀਆਂ ਤੇ ਭਵਿਖ ’ਚ ਹੋਣ ਵਾਲੀਆਂ ਅਦਾਇਗੀਆਂ ਸ਼ਾਮਲ ਹਨ। ਤੇ

(ਬੀ) ਨਿਗਮ ਨੂੰ ਇਹ ਅਧਿਕਾਰ ਹੈ ਕਿ ਉਹ ਕਿਸੇ ਵਿਅਕਤੀ ਲਈ ਜੋ ਨਿਗਮ ਦਾ ਡਾਇਰੈਕਟਰ, ਅਫਸਰ, ਟਰਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਏਜੰਟ ਹੋਵੇ ਜਾਂ ਸੀ, ਲਈ ਇੰਸ਼ੋਰੈਂਸ ਕਰੇਗੀ। ਇਸ ਦੇ ਨਾਲ ਹੀ ਨਿਗਮ ਉਨ੍ਹਾਂ ਵਿਅਕਤੀਆਂ ਦੂਜੀਆਂ ਨਿਗਮਾਂ ਦੇ ਡਾਇਰੈਕਟਰ, ਅਫਸਰ, ਟਸਟੀ, ਕਮੇਟੀ ਮੈਂਬਰ, ਕਰਮਚਾਰੀ ਜਾਂ ਏਜੰਟ ਹੋਵੇ ਜਾਂ ਅਜਿਹੇ ਅਹੁਦੇ 'ਤੇ ਕੰਮ ਕਰ ਰਿਹਾ ਹੋਵੇ ਜੋ ਨਿਗਮ ਦੇ ਸਹਿਯੋਗ, ਸਾਂਝੇ ਉਦਮ, ਟਰਸਟ ਜਾਂ ਹੋਰ ਅਦਾਰੇ ਜਾ ਅਜਿਹੀ ਜਿੰਮੇਵਾਰੀ ਜੋ ਉਸ ਨੂੰ ਪ੍ਰਦਾਨ ਕੀਤੀ ਹੋਵੇ ਜਾਂ ਉਹ ਨਿਭਾਅ ਰਿਹਾ ਹੋਵੇ, ਜਾਂ ਉਸ ਦਾ ਅਹੁਦਾ ਨਿਰਧਾਰਤ ਕੀਤਾ ਗਿਆ ਹੋਵੇ ਨੂੰ ਇਸ ਜ਼ਿੰਮੇਵਾਰੀ ਲਈ ਆਪਣੇ ਲਈ ਹਾਨੀ ਪੂਰਤੀ ਨਿਰਧਾਰਤ ਕਰਨ ਦਾ ਅਧਿਕਾਰ ਹੋਵੇਗਾ।

**<u>ਸੈਕਸ਼ਨ 5 : ਖਰਚਿਆਂ ਦਾ ਅਗਾਊਂ ਨਿਰਧਾਰਨ :</u>** ਕਲੇਮ, ਕਾਰਵਾਈ ਜਾਂ ਕੰਮ ਲਈ ਹੋਣ ਵਾਲੇ ਖਰਚੇ ਨਿਗਮ ਵਲੋਂ ਵਿਅਕਤੀ ਨੂੰ ਪਹਿਲਾਂ ਦਿਤੇ ਜਾਣਗੇ। (ਇਹ ਬੋਰਡ ਆਫ ਡਾਇਰੈਕਟਰਾਂ ਵਲੋਂ ਕੀਤਾ ਜਾਵੇਗਾ ਇਸ 'ਚ ਚਾਹੇ ਕੋਰਮ ਦਾ ਫੈਸਲਾ ਹੋਵੇ ਜਾਂ ਨਾ ਹੋਵੇ)। ਅੰਤਮ ਭੁਗਤਾਨ ਤੋਂ ਪਹਿਲਾਂ :

(1) ਸਬੰਧਤ ਵਿਅਕਤੀ ਨਿਗਮ ਨੂੰ ਲਿਖਤੀ ਦੇਵੇਗਾ ਕਿ ਉਸ ਵਲੋਂ ਨਿਗਮ ਲਈ ਜਿੰਮੇਵਾਰੀ ਨਾਲ ਕਾਰਜ ਕੀਤਾ ਗਿਆ ਹੈ ਤੇ ਉਹ ਧਾਰਾ 8 ਦੇ ਸੈਕਸ਼ਨ 1 ਅਨੁਸਾਰ ਦਿਤੇ ਨਿਯਮ ਤੇ ਸ਼ਰਤਾਂ ਪੂਰੀਆਂ ਕਰਦਾ ਹੈ। :

(2) ਸਬੰਧਤ ਵਿਅਕਤੀ ਜਾਂ ਉਸ ਦੇ ਵਲੋ ਕੋਈ ਹੋਰ ਨਿਗਮ ਨੂੰ ਲਿਖਤ ਤੌਰ ਤੇ ਦੇਵੇਗਾ ਕਿ ਸ਼ਰਤਾਂ ਤੇ ਨਿਯਮਾਂ ਦੇ ਪੂਰਾ ਨਾ ਹੋਣ 'ਤੇ ਉਹ ਤੁਰੰਤ ਰਾਸ਼ੀ ਦਾ ਵਾਪਸ ਭੁਗਤਾਨ ਕਰੇਗਾ। ਤੇ

(3) ਇਹ ਵੀ ਲਿਖਤ ਤੌਰ 'ਤੇ ਦੇਵੇਗਾ ਹੋਵੇਗਾ ਕਿ ਉਸ ਨੂੰ ਪਹਿਲਾਂ ਧਾਰਾ 8 ਅਨੁਸਾਰ ਹਾਨੀ ਪੂਰਤੀ ਨਹੀਂ ਦਿਤੀ ਗਈ।

(ਬੀ) ਧਾਰਾ 8 ਦੇ ਸਬ ਸੈਕਸ਼ਨ 5 (ਏ) (2) ਅਨੁਸਾਰ ਇਹ ਲਿਖਤੀ ਤੌਰ 'ਤੇ ਦੇਣਾ ਹੋਵੇਗਾ ਕਿ ਉਹ ਰਾਸ਼ੀ ਦਾ ਪੁਨਰ ਭੁਗਤਾਨ ਕਰਨ ਦੇ ਸਮਰਥ ਹੈ।

(ਸੀ) ਇਸ ਸੈਕਸ਼ਨ ਅਨੁਸਾਰ ਭੁਗਤਾਨ ਦੀ ਅਦਾਇਗੀ ਤੇ ਅਧਿਕਾਰਕਤਾ ਧਾਰਾ 8 ਦੇ ਸੈਕਸ਼ਨ 3 ਅਨੁਸਾਰ ਹੋਵੇਗੀ

## ਧਾਰਾ – IX

<u>ਨਿਗਮ ਦੀ ਸੰਪਤੀ</u>

ਨਿਗਮ ਇਸ ਦੇ ਨਿਗਮ ਕਿਸੇ ਜਾਇਦਾਦ ਜਾਂ ਸੰਪਤੀ ਦੇ ਬਿਨਾਂ ਵੀ ਹੈ।

## ਧਾਰਾ – X

<u>ਬਿਜ਼ਨਸ ਨੂੰ ਰੈਗੂਲਰ ਕਰਨ ਲਈ ਉਪਬੰਧ ਤੇ ਨਿਗਮ ਦੇ ਕੰਮ</u>

**<u>ਸੈਕਸ਼ਨ 1. ਮੈਂਬਰਾ ਦੀਆਂ ਮੀਟਿੰਗਾਂ</u>** : ਨਿਗਮ ਦੇ ਮੈਂਬਰਾਂ ਦੀਆਂ ਮੀਟਿੰਗਾਂ ਦਿਸ਼ਾ ਨਿਰਦੇਸ਼ਾਂ ਤੇ ਕਾਨੂੰਨ ਅਨੁਸਾਰ ਇੰਡੀਆਨਾ ਰਾਜ ਜਾਂ ਇਸ ਤੋਂ ਬਾਹਰ ਕਿਤੇ ਵੀ ਦਿਤੇ ਗਏ ਮੀਟਿੰਗ ਦੇ ਨੋਟਿਸ ਜਾਂ ਸੂਚਨਾ ਅਨੁਸਾਰ ਹੋ ਸਕਦੀਆਂ ਹਨ।

**ਸੈਕਸ਼ਨ 2. ਡਾਇਰੈਕਟਰਾਂ ਦੀਆਂ ਮੀਟਿੰਗਾਂ** : ਨਿਗਮ ਦੇ ਬੋਰਡ ਆਫ ਡਾਇਰੈਕਟਰਾਂ ਦੀਆਂ ਮੀਟਿੰਗਾਂ ਦਿਸ਼ਾ ਨਿਰਦੇਸ਼ਾਂ ਤੇ ਕਾਨੂੰਨ ਅਨੁਸਾਰ ਇੰਡੀਆਨਾ ਰਾਜ ਜਾਂ ਇਸ ਤੋਂ ਬਾਹਰ ਕਿਤੇ ਵੀ ਦਿਤੇ ਗਏ ਮੀਟਿੰਗ ਦੇ ਨੋਟਿਸ ਜਾਂ ਸੂਚਨਾ ਅਨੁਸਾਰ ਹੋ ਸਕਦੀਆਂ ਹਨ।

**ਸੈਕਸ਼ਨ 3. ਜਾਇਦਾਦਾਂ ਦਾ ਵੰਡ ਅਨੁਸਾਰ ਵਿਘਟਨ** : ਅਜਿਹੇ ਉਪਬੰਧ ਜਿਸ ਅਨੁਸਾਰ ਨਿਗਮ ਦੇ ਕਾਨੂੰਨ ਦੀ ਉਲੰਘਣਾ ਨਾ ਹੁੰਦੀ ਹੋਵੇ, ਨਿਗਮ ਦੀ ਵੰਡ ਜਾਂ ਵਿਘਟਨ ਤੇ ਇਸ ਦੇ ਕੰਮਾਂ ਦੀ ਵੰਡ ਨਿਗਮ ਦੇ ਧਨ ਦੀ ਵੰਡ ਕਿਸੇ ਸਰਕਾਰੀ ਏਜੰਸੀ ਜਾਂ ਜਨਤਕ ਅਦਾਰੇ ਜਾਂ ਕਿਸੇ ਹੋਰ ਗੈਰ ਸਰਕਾਰੀ ਸੰਸਥਾ, ਇਕਾਈ ਨੂੰ ਦਿਤੀ ਜਾ ਸਕਦੀ ਹੈ ਜਿਸ ਦੇ ਉਦੇਸ਼ ਨਿਗਮ ਦੀ ਵਾਂਗ ਹੋਣ।

**ਸੈਕਸ਼ਨ 4. ਉਪਨਿਯਮ** : ਬੋਰਡ ਆਫ ਡਾਇਰੈਕਟਰਾਂ ਕੋਲ ਸ਼ਕਤੀ ਹੋਵੇਗੀ ਕਿ ਉਹ ਨਿਗਮ ਦੇ ਨਿਯਮਾਂ ਨੂੰ ਬਣਾਉਣ, ਬਦਲਣ ਜਾਂ ਇਨ੍ਹਾਂ 'ਚ ਸੋਧ ਕਰਨ। ਇਸ ਲਈ ਉਨ੍ਹਾਂ ਨੂੰ ਬੋਰਡ ਆਫ ਡਾਇਰੈਕਟਰਾਂ ਦੀ ਵੋਟਿੰਗ ਦੀ ਬਹੁਮਤ ਲੋੜੀਂਦਾ ਹੋਵੇਗਾ ਜਾਂ ਜੋ ਲਿਖਤ ਪ੍ਰਬੰਧ ਕੀਤਾ ਗਿਆ ਹੋਵੇ।

**ਸੈਕਸ਼ਨ 5. ਨਿਗਮ ਦੀਆਂ ਧਾਰਾਂਵਾ 'ਚ ਸੋਧ** : ਨਿਗਮ ਕੋਲ ਇਹ ਅਧਿਕਾਰ ਹੈ ਕਿ ਉਹ ਇਸ ਦੇ ਧਾਰਾਵਾਂ ਨੂੰ ਬਣਾਵੇ, ਇਨ੍ਹਾਂ 'ਚ ਬਦਲਾਅ ਕਰੇ ਜਾਂ ਸੋਧ ਕਰੇ। ਇਹ ਸਭ ਇੰਡੀਆਨਾ ਰਾਜ ਦੇ ਕਾਨੂੰਨਾਂ ਅਨੁਸਾਰ ਤੇ ਧਾਰਾਵਾਂ ਅਨੁਸਾਰ ਹੋਵੇਗਾ। ਇਸ ਤਰਾਂ ਦੇ ਬਦਲਾਅ 'ਚ ਜਾਂ ਸੋਧ 'ਚ ਸਬੰਧਤ ਮਸਲਿਆਂ 'ਚ ਹੋਈ ਵੋਟਿੰਗ ਦਾ 75 ਫੀਸਦੀ ਹੋਣਾ ਜ਼ਰੂਰੀ ਹੈ।

**ਸੈਕਸ਼ਨ 6** : **ਜਰੂਰੀ ਕੰਮਾਂ ਲਈ ਅਗਾਊਂ ਮਨਜ਼ੂਰੀ** : ਬਿਨੈ ਕਰਨ ਦੀ ਮਿਤੀ ਤਕ ਜਿਵੇ ਕਿ ਲਿਖਤ ਦਿਤਾ ਗਿਆ ਹੈ, ਹਥਲੀ ਕਾਰਵਾਈਆਂ ਜ਼ਰੂਰੀ ਹਨ ਜੋ ਕਿ ਹਾਊਸਿੰਗ ਤੇ ਅਰਬਨ ਡਿਵੈਲਪਮੈਂਟ ਡਿਪਾਰਟਮੈਂਟ ਜਾਂ ਵੈਟਰਨ ਅਫੇਅਰਸ ਡਿਪਾਰਟਮੈਂਟ ਵਲੋਂ ਲਈਆਂ ਜਾਣਗੀਆਂ ਹਨ : ਵਾਧੂ ਪ੍ਰਾਪਰਟੀਆਂ ਨੂੰ ਕਬਜੇ 'ਚ ਲੈਣਾ, ਰਲੇਵਾਂ ਕਰਨਾ ਜਾਂ ਨਿਗਮ 'ਚ ਸ਼ਾਮਲ ਕਰਨਾ, ਨਿਗਮ ਦੀ ਵੰਡ ਕਰਨਾ ਜਾਂ ਧਾਰਾਵਾਂ 'ਚ ਬਦਲਾਅ ਕਰਨ ਲਈ।

**ਦਸਤਖ਼ਤ ਕਰਨ ਵਾਲਾ;** ਵਿਅਕਤੀ ਨਿਗਮਨ ਦੀਆਂ ਧਾਰਾਵਾਂ ਦੇ ਪਾਲਣ ਨਾਲ ਇੰਡੀਆਨਾ ਰਾਜ ਦੇ ਰਾਜ ਸਕੱਤਰ ਨੂੰ ਪੇਸ਼ ਕਰੇਗਾ ਜਾਂ ਇਸ ਨਾਲ ਸਬੰਧਤ ਵਿਅਕਤੀਆਂ ਨੂੰ ਕਿ ਨਿਗਮ ਦੇ ਮੈਂਬਰਾਂ ਦੀ ਲਿਸਟ ਨਿਗਮਨ ਦੇ ਸਰਟੀਫਿਕੇਟ ਲਈ ਇਥੇ ਅਪਲਾਈ ਕੀਤੀ ਗਈ ਹੈ। ਇਸ 'ਤੇ ਘਟ ਤੋਂ ਘਟ 3 ਵਿਅਕਤੀਆਂ ਦੇ ਦਸਤਖ਼ਤ ਹੋਣ ਜੋ ਮੈਂਬਰਸ਼ਿਪ ਲਿਸਟ 'ਚ ਸ਼ਾਮਲ ਹੋਣ।

**ਗਵਾਹ ਵਜੋਂ :** ਧਾਰਾ 8 ਅਨੁਸਾਰ ਸਾਈਨ ਕਰਨ ਵਾਲਾ ਅਹੁਦੇਦਾਰ ਨਿਗਮ ਤੇ ਨਿਗਮਨ ਧਾਰਾਵਾਂ ਅਨੁਸਾਰ ਇਹ ਪ੍ਰਮਾਣਤ ਕਰੇਗਾ ਕਿ ਦਿਤੇ ਗਏ ਬਿਆਨ ਤੇ ਸੂਚਨਾਵਾਂ ਪੂਰੀ ਤਰਾਂ ਸੱਚ ਤੇ ਸਹੀ ਹਨ ਤੇ ਉਸ ਦੀ ਜਾਣਕਾਰੀ ਦੇ ਅਨੁਸਾਰ ਅੱਜ 24 ਜੁਲਾਈ, 2006 ਨੂੰ ਪੂਰੀ ਤਰ੍ਹਾਂ ਸਹੀ ਹਨ।

**ਦਸਤਖਤ**

**ਬਰੈਂਟ ਡੀ ਮੋਸਬੈ**